Department of Health

# ਮਾਨਸਿਕ ਸਮਰੱਥਾ ਕਨੂੰਨ 2005 ਦੇ ਅਜ਼ਾਦੀ ਤੋਂ ਵੰਚਿਤ ਕਰਨ ਸਬੰਧੀ ਸੁਰੱਖਿਆ ਪ੍ਰਬੰਧ ਕੀ ਹਨ?

## ਮਾਨਸਿਕ ਸਮਰੱਥਾ ਕਨੂੰਨ 2005 ਦੇ ਅਜ਼ਾਦੀ ਤੋਂ ਵੰਚਿਤ ਕਰਨ ਸਬੰਧੀ ਸੁਰੱਖਿਆ ਪ੍ਰਬੰਧ (Mental Capacity Act 2005 Deprivation of Liberty Safeguards) (MCA DOLS)?

**ਕੀ ਤੁਸੀਂ ਕਿਸੇ ਹਸਪਤਾਲ ਜਾਂ ਕੇਅਰ ਹੋਮ ਵਿੱਚ ਕੰਮ ਕਰਦੇ ਹੋ ਜੋ ਉਹਨਾਂ ਲੋਕਾਂ ਲਈ ਦੇਖਭਾਲ ਮੁਹੱਈਆ ਕਰਦਾ ਹੈ ਜੋ ਆਪਣੀ ਦੇਖਭਾਲ ਜਾਂ ਇਲਾਜ ਬਾਰੇ ਫ਼ੈਸਲੇ ਨਹੀਂ ਕਰ ਸਕਦੇ?**

**ਇੱਕ ਨਵੀਂ ਪ੍ਰਣਾਲੀ ਜੋ ਸਾਰੇ ਹਸਪਤਾਲਾਂ ਅਤੇ ਕੇਅਰ ਹੋਮਜ਼ 'ਤੇ ਲਾਗੂ ਹੁੰਦੀ ਹੈ, 1 ਅਪ੍ਰੈਲ 2009 ਤੋਂ ਸ਼ੁਰੂ ਹੋਵੇਗੀ।**

ਹਸਪਤਾਲਾਂ ਅਤੇ ਕੇਅਰ ਹੋਮਜ਼ ਵਿੱਚ ਰਹਿ ਰਹੇ ਕੁਝ ਲੋਕ ਆਪਣੀ ਦੇਖਭਾਲ ਅਤੇ/ਜਾਂ ਇਲਾਜ ਬਾਰੇ ਆਪਣੇ ਖੁਦ ਦੇ ਫ਼ੈਸਲੇ ਨਹੀਂ ਕਰ ਸਕਦੇ ਕਿਉਂਕਿ ਉਹਨਾਂ ਕੋਲ ਅਜਿਹਾ ਕਰਨ ਦੀ ਮਾਨਸਿਕ ਸਮਰੱਥਾ ਦੀ ਕਮੀ ਹੁੰਦੀ ਹੈ। ਉਹਨਾਂ ਨੂੰ ਹੋਰਨਾਂ ਦੇ ਮੁਕਾਬਲੇ ਵਧੇਰੇ ਦੇਖਭਾਲ ਅਤੇ ਸੁਰੱਖਿਆ ਦੀ ਲੋੜ ਹੁੰਦੀ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਨੂੰ ਕੋਈ ਨੁਕਸਾਨ ਨਾ ਹੋਵੇ। ਜਿਹਨਾਂ ਲੋਕਾਂ ਨੂੰ ਵਾਧੂ ਸੁਰੱਖਿਆ ਦੀ ਲੋੜ ਹੁੰਦੀ ਹੈ, ਉਹਨਾਂ ਦੀ ਦੇਖਭਾਲ ਅਤੇ ਇਲਾਜ ਕਰਨ ਦਾ ਮਤਲਬ ਉਹਨਾਂ ਦੀ ਸੁਤੰਤਰਤਾ ਨੂੰ ਉਹਨਾਂ ਦੇ ਅਧਿਕਾਰਾਂ ਤੋਂ ਵੰਚਿਤ ਕਰਨ ਦੀ ਹੱਦ ਤੱਕ ਸੀਮਤ ਕਰਨਾ ਹੋ ਸਕਦਾ ਹੈ।

ਮਨੁੱਖੀ ਅਧਿਕਾਰਾਂ ਬਾਰੇ ਯੂਰਪੀ ਅਦਾਲਤ (European Court of Human Rights) ਨੇ ਕਿਹਾ ਹੈ ਕਿ ਜਿਹੜੇ ਲੋਕ ਫ਼ੈਸਲੇ ਨਹੀਂ ਕਰ ਸਕਦੇ ਅਤੇ ਜਿਹਨਾਂ ਦੀ ਅਜ਼ਾਦੀ ਹਸਪਤਾਲਾਂ ਅਤੇ ਕੇਅਰ ਹੋਮਜ਼ ਵਿੱਚ ਉਹਨਾਂ ਤੋਂ ਖੋਹ ਲਏ ਜਾਣ ਦੀ ਲੋੜ ਹੁੰਦੀ ਹੈ, ਉਹਨਾਂ ਦੇ ਅਧਿਕਾਰਾਂ ਨੂੰ ਲਾਜ਼ਮੀ ਰੂਪ ਵਿੱਚ ਮਜ਼ਬੂਤ ਬਣਾਇਆ ਜਾਣਾ ਚਾਹੀਦਾ ਹੈ। ਜੇਕਰ ਲੋਕਾਂ ਦੀ ਦੇਖਭਾਲ ਘੱਟ ਸੀਮਤ ਤਰੀਕੇ ਵਿੱਚ ਕੀਤੀ ਜਾ ਸਕਦੀ ਹੈ ਤਾਂ ਉਹਨਾਂ ਦੀ ਅਜ਼ਾਦੀ ਨੂੰ ਖੋਹਿਆ ਨਹੀਂ ਜਾਣਾ ਚਾਹੀਦਾ।

MCA DOLS ਉਹਨਾਂ ਲੋਕਾਂ ਦੀ ਸੁਰੱਖਿਆ ਕਰੇਗਾ ਜੋ ਆਪਣੀ ਦੇਖਭਾਲ ਜਾਂ ਇਲਾਜ ਬਾਰੇ ਫ਼ੈਸਲੇ ਨਹੀਂ ਕਰ ਸਕਦੇ, ਜਿਹਨਾਂ ਦੀ ਇੱਕ ਸੀਮਤ ਢੰਗ ਨਾਲ ਦੇਖਭਾਲ ਕੀਤੇ ਜਾਣ ਦੀ ਲੋੜ ਹੁੰਦੀ ਹੈ। ਮਿਸਾਲ ਲਈ, ਕੁਝ ਲੋਕ ਜਿਹਨਾਂ ਨੂੰ ਡੀਮੈਂਸ਼ੀਆ ਹੁੰਦਾ ਹੈ, ਜੋਕਿ ਇੱਕ ਮਾਨਸਿਕ ਸਿਹਤ ਸਮੱਸਿਆ ਜਾਂ ਸਿੱਖਣ ਸਬੰਧੀ ਕੋਈ ਅਤਿਅੰਤ ਅਯੋਗਤਾ ਹੁੰਦੀ ਹੈ।

ਕਨੂੰਨ ਕਹਿੰਦਾ ਹੈ ਕਿ ਜੇ ਲੋਕਾਂ ਤੋਂ ਉਹਨਾਂ ਦੀ ਅਜ਼ਾਦੀ ਇਸ ਕਰਕੇ ਖੋਹੇ ਜਾਣ ਦੀ ਲੋੜ ਹੁੰਦੀ ਹੈ ਤਾਂ ਕਿ ਉਹਨਾਂ ਨੂੰ ਅਜਿਹਾ ਇਲਾਜ ਅਤੇ/ਜਾਂ ਦੇਖਭਾਲ ਮਿਲ ਸਕਣ ਜੋ ਉਹਨਾਂ ਦੇ ਬਿਹਤਰੀਨ ਹਿੱਤ ਵਿੱਚ ਹਨ ਅਤੇ ਜੋ ਨੁਕਸਾਨ ਤੋਂ ਉਹਨਾਂ ਦਾ ਬਚਾਅ ਕਰਦੇ ਹਨ ਤਾਂ MCA DOLS ਦੀ ਵਰਤੋਂ ਲਾਜ਼ਮੀ ਰੂਪ ਵਿੱਚ ਕੀਤੀ ਜਾਣੀ ਚਾਹੀਦੀ ਹੈ।

## ਕਨੂੰਨ ਮੁਤਾਬਕ ਹਸਪਤਾਲਾਂ ਅਤੇ ਕੇਅਰ ਹੋਮਜ਼ ਨੂੰ ਲਾਜ਼ਮੀ ਰੂਪ ਵਿੱਚ ਕੀ ਕਰਨਾ ਚਾਹੀਦਾ ਹੈ?

ਹਸਪਤਾਲ ਜਾਂ ਕੇਅਰ ਹੋਮ ਵਿੱਚ ਰਹਿ ਰਹੇ ਹਰੇਕ ਵਿਅਕਤੀ ਦੇ ਲਈ, ਜਿਸ ਵਿੱਚ ਸਮਰੱਥਾ ਦੀ ਕਮੀ ਹੈ, ਤੁਹਾਨੂੰ ਹੇਠਾਂ ਦਿੱਤੇ ਸਵਾਲਾਂ ਬਾਰੇ ਸੋਚਣਾ ਚਾਹੀਦਾ ਹੈ:

- ਕੀ ਮੁਹੱਈਆ ਕੀਤੀ ਜਾ ਰਹੀ ਦੇਖਭਾਲ ਅਤੇ/ਜਾਂ ਇਲਾਜ ਵਿਅਕਤੀ ਦੀ ਉਹ ਕੰਮ ਕਰਨ, ਜੋ ਉਹ ਕਰਨਾ ਚਾਹੁੰਦੇ ਹਨ, ਦੀ ਅਜ਼ਾਦੀ ਨੂੰ ਉਸ ਹੱਦ ਤੱਕ ਖੋਹ ਲੈਂਦੇ ਹਨ ਕਿ ਉਹਨਾਂ ਨੂੰ ਉਹਨਾਂ ਦੀ ਅਜ਼ਾਦੀ ਤੋਂ ਵੰਚਿਤ ਕੀਤਾ ਜਾ ਰਿਹਾ ਹੈ?
- ਕੀ ਤੁਸੀਂ ਸਮਝਦੇ ਹੋ ਕਿ ਦੇਖਭਾਲ ਅਤੇ/ਜਾਂ ਇਲਾਜ ਵਿਅਕਤੀ ਦੇ ਬਿਹਤਰੀਨ ਹਿੱਤ ਵਿੱਚ ਹੈ?

ਜੇ ਇਹਨਾਂ ਸਵਾਲਾਂ ਦਾ ਜਵਾਬ 'ਹਾਂ' ਹੈ, ਤਾਂ ਤੁਹਾਨੂੰ ਆਪਣੇ ਆਪ ਤੋਂ ਇਹ ਪੁੱਛਣ ਦੀ ਲੋੜ ਹੈ ਕਿ ਕੀ ਦੇਖਭਾਲ ਅਤੇ/ਜਾਂ ਇਲਾਜ ਅਜਿਹੇ ਢੰਗ ਨਾਲ ਦਿੱਤੇ ਜਾ ਸਕਦੇ ਹਨ ਜੋ ਵਿਅਕਤੀ ਦੀ ਅਜ਼ਾਦੀ ਨੂੰ ਖੋਹਦਾ ਨਾ ਹੋਵੇ। ਜੇ ਇਸ ਸਵਾਲ ਦਾ ਜਵਾਬ 'ਨਹੀਂ' ਹੈ ਅਤੇ ਕਿਸੇ ਵੀ ਹੋਰ ਢੰਗ ਨਾਲ ਵਿਅਕਤੀ ਦੀ ਦੇਖਭਾਲ ਅਤੇ/ਜਾਂ ਇਲਾਜ ਨਹੀਂ ਕੀਤਾ ਜਾ ਸਕਦਾ ਤਾਂ ਪ੍ਰਾਇਮਰੀ ਕੇਅਰ ਟ੍ਰਸਟ – ਪੀਸੀਟੀ (Primary Care Trust - PCT) (ਹਸਪਤਾਲਾਂ ਲਈ) ਜਾਂ ਸਥਾਨਕ ਅਥਾਰਿਟੀ (ਕੇਅਰ ਹੋਮਜ਼ ਲਈ) ਨੂੰ ਇਹ ਫ਼ੈਸਲਾ ਕਰਨ ਲਈ ਇੱਕ ਮੁਲਾਂਕਣ ਕਰਨ ਲਈ ਜ਼ਰੂਰ ਕਿਹਾ ਜਾਣਾ ਚਾਹੀਦਾ ਹੈ ਕਿ ਕੀ ਵਿਅਕਤੀ ਦੀ ਅਜ਼ਾਦੀ ਨੂੰ ਖੋਹਣਾ ਠੀਕ ਹੈ ਜਾਂ ਨਹੀਂ।

ਹਰੇਕ ਮੁਲਾਂਕਣ ਦਾ ਨਤੀਜਾ ਅਧਿਕਾਰ-ਸਪੁਰਦਗੀ ਨਹੀਂ ਹੋਵੇਗਾ। ਹਾਲਾਂਕਿ, ਜੇ ਇੱਕ ਵਾਰ ਕਿਸੇ ਹਸਪਤਾਲ ਜਾਂ ਕੇਅਰ ਹੋਮ ਵਿੱਚ ਵਿਅਕਤੀ ਕੋਲ MCA DOLS ਦੀ ਅਧਿਕਾਰ-ਸਪੁਰਦਗੀ ਹੋਵੇ ਤਾਂ ਉਸ ਨੂੰ ਸਹਾਇਤਾ ਦੇਣ ਅਤੇ ਉਸ ਦੇ ਬਿਹਤਰੀਨ ਹਿੱਤਾਂ ਦੀ ਦੇਖਭਾਲ ਲਈ ਕਿਸੇ ਪ੍ਰਤਿਨਿਧ ਨੂੰ ਨਿਯੁਕਤ ਕੀਤਾ ਜਾਂਦਾ ਹੈ।

ਹਸਪਤਾਲ ਜਾਂ ਕੇਅਰ ਹੋਮ ਨੂੰ (ਆਪਣੀ ਪੀਸੀਟੀ ਜਾਂ ਸਥਾਨਕ ਅਥਾਰਿਟੀ ਦੇ ਨਾਲ ਮਿਲਕੇ) ਲਾਜ਼ਮੀ ਤੌਰ 'ਤੇ:

- ਇਹ ਦੇਖਣ ਲਈ ਬਾਕਾਇਦਾ ਜਾਂਚਾਂ ਕਰਨੀਆਂ ਚਾਹੀਦੀਆਂ ਹਨ ਕਿ ਕੀ ਅਧਿਕਾਰ-ਸਪੁਰਦਗੀ ਅਜੇ ਵੀ ਲੋੜੀਂਦੀ ਹੈ
- ਜੇ ਅਧਿਕਾਰ-ਸਪੁਰਦਗੀ ਦੀ ਲੋੜ ਨਾ ਰਹੀ ਹੋਵੇ ਤਾਂ ਇਸਨੂੰ ਖਤਮ ਕਰ ਦੇਣਾ ਚਾਹੀਦਾ ਹੈ
- ਜਿਸ ਵਿਅਕਤੀ ਕੋਲ MCA DOLS ਦੀ ਅਧਿਕਾਰ-ਸਪੁਰਦਗੀ ਹੋਵੇ, ਉਸਨੂੰ ਅਤੇ ਉਸਦੇ ਪ੍ਰਤਿਨਿਧ ਨੂੰ ਅਧਿਕਾਰ-ਸਪੁਰਦਗੀ ਅਤੇ ਉਹਨਾਂ ਦੇ ਅਧਿਕਾਰਾਂ ਅਤੇ ਹੱਕਾਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ

# MCA DOLS ਪ੍ਰਕਿਰਿਆ ਬਾਰੇ ਸੰਖੇਪ ਜਾਣਕਾਰੀ



ਜੇ ਆਪਣੀ ਅਜ਼ਾਦੀ ਤੋਂ ਵੰਚਿਤ ਵਿਅਕਤੀ ਜਾਂ ਉਸਦਾ ਪ੍ਰਤਿਨਿਧ ਉਸਨੂੰ ਅਜ਼ਾਦੀ ਤੋਂ ਵੰਚਿਤ ਕਰਨ ਦੇ ਫ਼ੈਸਲੇ ਤੋਂ ਸਹਿਮਤ ਨਹੀਂ ਹੁੰਦੇ, ਤਾਂ ਨਵੀਂ ਪ੍ਰਣਾਲੀ ਉਹਨਾਂ ਨੂੰ ਕਿਸੇ ਅਦਾਲਤ ਵਿੱਚ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕਰਨ ਦਾ ਅਧਿਕਾਰ ਦਿੰਦੀ ਹੈ।

## ਪ੍ਰਣਾਲੀ ਦੀ ਲੋੜ ਕਦੋਂ ਹੋਵੇਗੀ?

MCA DOLS ਐਨਐਚਐਸ ਹਸਪਤਾਲਾਂ ਵਿਚਲੇ, ਜਾਂ ਸੁਤੰਤਰ ਹਸਪਤਾਲਾਂ ਜਾਂ ਕੇਅਰ ਹੋਮਜ਼, ਜਿਹੜੇ ਕਿ ਦੇਖਭਾਲ ਮਾਪਦੰਡਾਂ ਬਾਰੇ ਕਨੂੰਨ 2000 (Care Standards Act 2000) ਦੇ ਭਾਗ 2 ਹੇਠ ਪੰਜੀਕ੍ਰਿਤ ਹਨ, ਵਿਚਲੇ ਉਹਨਾਂ ਲੋਕਾਂ ਲਈ ਹਨ ਜਿਹਨਾਂ ਦੀ ਉਮਰ 18 ਸਾਲ ਅਤੇ ਇਸਤੋਂ ਵੱਧ ਹੈ।

ਸਰਕਾਰ ਉਮੀਦ ਕਰਦੀ ਹੈ ਕਿ ਕੇਅਰ ਹੋਮਜ਼ ਵਿੱਚ ਹਸਪਤਾਲਾਂ ਨਾਲੋਂ ਅਜਿਹੇ ਲੋਕ ਵਧੇਰੇ ਹੋਣਗੇ ਜਿਹਨਾਂ ਕੋਲ MCA DOLS ਦੀ ਅਧਿਕਾਰ-ਸਪੁਰਦਗੀ ਹੋਵੇਗੀ।

ਸਰਕਾਰ ਸੋਚਦੀ ਹੈ ਕਿ ਸਿਰਫ਼ ਥੋੜ੍ਹੀ ਗਿਣਤੀ ਦੇ ਲੋਕਾਂ ਨੂੰ ਹੀ MCA DOLS ਅਧਿਕਾਰ-ਸਪੁਰਦਗੀ ਦੀ ਲੋੜ ਹੋਵੇਗੀ।

ਕਿਸੇ ਅਧਿਕਾਰ-ਸਪੁਰਦਗੀ ਲਈ ਦਰਖਾਸਤ ਦੇਣ ਬਾਰੇ ਸੋਚਣ ਤੋਂ ਪਹਿਲਾਂ, ਹਸਪਤਾਲਾਂ ਅਤੇ ਕੇਅਰ ਹੋਮਜ਼ ਤੋਂ ਇਹ ਉਮੀਦ ਕੀਤੀ ਜਾਵੇਗੀ ਕਿ ਉਹ ਅਜਿਹੇ ਵੱਖ-ਵੱਖ ਤਰੀਕਿਆਂ ਨਾਲ ਦੇਖਭਾਲ ਮੁਹੱਈਆ ਕਰਨ ਬਾਰੇ ਸੋਚਣ ਜੋ ਕਿਸੇ ਨੂੰ ਉਸਦੀ ਅਜ਼ਾਦੀ ਤੋਂ ਵੰਚਿਤ ਕਰਨ ਤੋਂ ਬਚਦੇ ਹੋਣ।

## ਰਿਕਾਰਡ ਰੱਖਣਾ

ਹਸਪਤਾਲਾਂ ਅਤੇ ਕੇਅਰ ਹੋਮਜ਼ ਨੂੰ MCA DOLS ਪ੍ਰਕਿਰਿਆ ਦੇ ਹਿੱਸੇ ਵਜੋਂ ਵੇਰਵੇ ਸਹਿਤ ਰਿਕਾਰਡ ਜ਼ਰੂਰ ਰੱਖਣੇ ਚਾਹੀਦੇ ਹਨ। ਰਿਕਾਰਡ ਰੱਖਣ ਦੀ ਇਸ ਲੋੜ ਵਿੱਚ ਮਦਦ ਲਈ, ਅਤੇ ਇਹ ਯਕੀਨੀ ਬਣਾਉਣ ਲਈ ਕਿ MCA DOLS ਪ੍ਰਣਾਲੀਆਂ ਦਾ ਸੰਚਾਲਨ ਜਿੰਨਾ ਸੰਭਵ ਹੋ ਸਕੇ ਸਰਲ ਹੋਵੇ, ਹਸਪਤਾਲਾਂ ਅਤੇ ਕੇਅਰ ਹੋਮਜ਼ ਅਤੇ ਇਸਦੇ ਨਾਲ ਹੀ ਪੀਸੀਟੀਜ਼ ਅਤੇ ਸਥਾਨਕ ਅਥਾਰਿਟੀਆਂ ਲਈ ਬਹੁਤ ਸਾਰੇ ਪ੍ਰਮਾਣਕ ਫ਼ਾਰਮ ਤਿਆਰ ਕੀਤੇ ਗਏ ਹਨ। ਫ਼ਾਰਮਾਂ ਦੀ ਵਰਤੋਂ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ ਕਿ ਹਸਪਤਾਲ ਅਤੇ ਕੇਅਰ ਹੋਮਜ਼ ਉਸੇ ਤਰ੍ਹਾਂ ਕੰਮ ਕਰਨ ਜਿਵੇਂ ਕਨੂੰਨ ਮੁਤਾਬਕ ਉਹਨਾਂ ਨੂੰ ਕਰਨ ਦੀ ਲੋੜ ਹੁੰਦੀ ਹੈ ਅਤੇ ਲੋੜੀਂਦੇ ਮਾਪਦੰਡਾਂ ਮੁਤਾਬਕ ਆਪਣੇ ਰਿਕਾਰਡ ਰੱਖਣ।

## MCA DOLS ਬਾਰੇ ਹੋਰ ਜਾਣਕਾਰੀ

ਜੇ ਤੁਸੀਂ ਹੋਰ ਜਾਣਕਾਰੀ ਲੈਣੀ ਚਾਹੁੰਦੇ ਹੋ ਤਾਂ ਆਪਣੇ ਸਥਾਨਕ ਖੇਤਰੀ MCA DOLS ਮੁਖੀ ਨੂੰ ਸੰਪਰਕ ਕਰੋ:

| ਖੇਤਰ | ਈ-ਮੇਲ ਸੰਪਰਕ ਵੇਰਵੇ | ਮੋਬਾਈਲ |
|---|---|---|
| ਯੌਰਕਸ਼ਾਇਰ ਅਤੇ ਹੰਬਰ | Bruce.Bradshaw@nimheneyh.nhs.uk | 07940 361 335 |
| ਨੌਰਥ ਈਸਟ | Pat.Stewart@csip.org.uk | 07799 343 356 |
| ਨੌਰਥ ਵੈਸਟ | christine.hutchinson@csip.org.uk | 07795 963 519 |
| ਈਸਟ ਮਿਡਲੈਂਡਜ਼ | Robert.Nisbet@eastmidlands.csip.nhs.uk | 07824 707 985 |
| ਈਸਟਰਨ | Joseph.Yow@csip.org.uk | 07917 184 109 |
| ਸਾਊਥ ਈਸਟ | Keith.Nieland@csip.org.uk | 07711 980 057 |
| ਲੰਡਨ | Maggie.Goff@londondevelopmentcentre.org | 07932 612 977 |
| | Steve.Chamberlain@londondevelopmentcentre.org | 07967 347 764 |
| ਸਾਊਥ ਵੈਸਟ | David.Pennington@csip.org.uk | 07799 627 244 |
| ਵੈਸਟ ਮਿਡਲੈਂਡਜ਼ | Ralph.Hall@csip.org.uk | 07825 402 599 |

ਜਾਂ ਸਾਡੀ ਵੈਬਸਾਈਟ 'ਤੇ ਪਧਾਰੋ:

http://www.dh.gov.uk/en/SocialCare/Deliveringadultsocialcare/MentalCapacity/MentalCapacityActDeprivationofLibertySafeguards/index.htm

ਇਹ ਲੀਫ਼ਲੈੱਟ ਬੇਨਤੀ ਕਰਨ 'ਤੇ ਦੂਜੀਆਂ ਭਾਸ਼ਾਵਾਂ ਅਤੇ ਬਦਲਵੇਂ ਰੂਪਾਂ ਵਿੱਚ ਉਪਲਬਧ ਹੈ।

## ਸੰਪਰਕ ਅਤੇ ਜਾਣਕਾਰੀ ਵੇਰਵੇ

ਡਾਕ: MCA DOLS Implementation Programme
Unit 124, Department of Health
Wellington House
133 – 155 Waterloo Road
London SE1 8UG

ਈਮੇਲ: dols@dh.gsi.gov.uk

ਤੁਹਾਨੂੰ ਨਵੇਂ MCA DOLS ਬਾਰੇ ਜਾਣਕਾਰੀ ਹੇਠਾਂ ਦਿੱਤੀਆਂ ਸੰਸਥਾਵਾਂ ਦੁਆਰਾ ਪੇਸ਼ ਕੀਤੀ ਗਈ:

Department of Health

Office of the Public Guardian

Department of Health

© ਕ੍ਰਾਊਨ ਕਾਪੀਰਾਈਟ 2008
291340 1p 40k ਦਿਸੰਬਰ08 (ਨਵਾਂ)
ਗੇਟਵੇਅ ਨੰ: 10989
COI ਦੁਆਰਾ ਸਿਹਤ ਵਿਭਾਗ ਲਈ ਤਿਆਰ ਕੀਤਾ ਗਿਆ

www.dh.gov.uk/publications

recycle
When you have finished with this publication please recycle it

50% recycled
This publication is printed on 50% recycled paper